ਸਤੰਬਰ-ਦਸੰਬਰ 2023

ਜਿਲਦ-1

ਅੰਕ-2

ISSN 2584-0509

ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ

# ਖੋਜਨਾਮਾ

ਸੰਪਾਦਕ

ਡਾ. ਜਸਵਿੰਦਰ ਸਿੰਘ ਬਰਾੜ

# ਗੁਰਮੁਖੀ ਹੱਥ-ਲਿਖਤਾਂ-ਸੰਖੇਪ ਪ੍ਰੀਚੈ
## (ਜੰਮੂ ਕਸ਼ਮੀਰ ਦੇ ਵਿਸ਼ੇਸ਼ ਸੰਦਰਭ ਵਿੱਚ)



ਡਾ. ਜਸਬੀਰ ਸਿੰਘ ਸਰਨਾ
ਸ੍ਰੀ ਨਗਰ
Jbsingh.801@gmail.com

ਮਨੁੱਖੀ ਉੱਥਲ-ਪੁੱਥਲ ਅਤੇ ਸਮੇਂ ਦੀ ਗਰਦਸ਼ ਵਿਚੋਂ ਹੀ 'ਲਿਖਤਾਂ' ਦੀਆਂ ਜੰਮਣ-ਪੀੜ੍ਹਾਂ ਦਾ ਆਗਮਨ ਮੰਨਿਆ ਜਾਂਦਾ ਹੈ। ਇਹ ਲਿਖਤਾਂ ਸਫ਼ਰ-ਦਰ-ਸਫ਼ਰ ਕਰਦੀਆਂ ਸਾਡੀ ਸਰਦਲ ਤੱਕ ਪੁੱਜੀਆਂ ਹਨ। ਸਮੇਂ ਦੀਆਂ ਜੁੱਗ ਗਰਦੀਆਂ, ਜੰਗਾਂ, ਲੁਟਾਂ-ਮਾਰਾਂ, ਘੱਲੂਘਾਰਿਆਂ, ਸੰਨ-ਸੰਤਾਲੀ, ਨੀਲਾ ਤਾਰਾ ਘਟਨਾਵਾਂ ਆਦਿ ਨੇ ਸੈਂਕੜੇ ਗ੍ਰੰਥਾਂ, ਪੋਥੀਆਂ ਨੂੰ ਹਮੇਸ਼ਾਂ ਲਈ ਸਾਥੋਂ ਆਲੋਪ ਕਰ ਦਿੱਤਾ। ਬੇਧਿਆਨੀ ਨਾਲ ਸੁੱਟੇ ਕਈ ਅਹਿਮ ਨੁਸਖੇ ਅਸਲੋਂ ਤਵਾਰੀਖ ਦੀ ਪੈੜ ਸਿਰਜਣ ਵਿਚ ਸਹਾਈ ਹੋ ਸਕਦੇ ਹਨ।

'ਹੱਥ-ਲਿਖਤਾਂ' ਸ਼ਬਦ ਦਾ ਘੇਰਾ ਵਿਸ਼ਾਲ ਹੈ। ਅੰਗ੍ਰੇਜ਼ੀ ਦੇ ਸ਼ਬਦ Manu script ਪੰਦਰਵੀਂ ਸੋਲਵੀਂ ਸਦੀ ਵਿੱਚ ਹੋਂਦ 'ਚ ਆਇਆ। ਇਹ ਦੋ ਸ਼ਬਦਾਂ ਦਾ ਮਿਸ਼ਰਣ ਹੈ। Manu ਤੋਂ ਭਾਵ ਹੈ ਹੱਥ ਅਤੇ Scriptus ਤੋਂ ਮੁਰਾਦ ਲਿਖਤ ਹੈ। ਇੰਝ Manuscriptous ਤੋਂ ਭਾਵ ਹੱਥ-ਲਿਖਤ ਹੈ। ਜਦੋਂ ਅਸੀਂ ਹੱਥ-ਲਿਖਤਾਂ ਦੀ ਲਿੱਖਤ ਦਾ ਅਧਿਐਨ ਕਰਦੇ ਹਾਂ ਤਾਂ ਇਸ ਨੂੰ Paleography ਆਖਿਆ ਜਾਂਦਾ ਹੈ ਅਤੇ ਜਦੋਂ ਹੱਥ-ਲਿਖਤਾਂ ਦੀ ਪੜ੍ਹਤ ਦਾ ਅਧਿਐਨ ਕਰਦੇ ਹਾਂ ਤਾਂ ਇਹ Manuscriptology ਅਖਵਾਉਂਦੀ ਹੈ। ਪੁਰਾਤਨ ਸਮੇਂ ਤੋਂ ਇਨ੍ਹਾਂ ਹੱਥ-ਲਿਖਤਾਂ ਵਿੱਚ ਧਰਮ, ਇਤਿਹਾਸ, ਫ਼ਿਲਾਸਫ਼ੀ, ਦਵਾਈਆਂ, ਕੋਸ਼ ਆਦਿ ਸ਼ਾਮਿਲ ਸਨ। ਕਈ ਸੁਚੇਤ ਵਿਦਵਾਨਾਂ ਨੇ ਪੋਥੀਆਂ/ਪੁਸਤਕਾਂ ਤੋਂ ਮਗਰੋਂ ਨਿੱਜੀ ਲਿਖਤਾਂ ਦੀ ਸੂਤਰੀ ਵੰਡ ਵੀ ਦਰਸਾਈ ਹੈ, ਜਿਵੇਂ ਨਿੱਜੀ ਲਿਖਤਾਂ, ਪਰਿਵਾਰਕ ਲਿਖਤਾਂ, ਸਮਾਜੀ ਲਿਖਤਾਂ, ਵਿਸਤਾਰੀ ਲਿਖਤਾਂ, ਧਾਰਮਿਕ ਅਤੇ ਸੁਧਾਰਕ ਲਿਖਤਾਂ, ਸਰਕਾਰੀ ਦਰਬਾਰੀ ਲਿਖਤਾਂ, ਵਪਾਰਕ ਲਿਖਤਾਂ, ਕਾਨੂੰਨੀ ਲਿਖਤਾਂ ਆਦਿ। ਇਨ੍ਹਾਂ ਹੱਥ-ਲਿਖਤਾਂ ਵਿਚ ਗੁਰਮੁਖੀ, ਸ਼ਾਰਧਾ, ਦੇਵਨਾਗਰੀ, ਟਾਕਰੀ, ਉਰਦੂ, ਸੰਸਕ੍ਰਿਤ, ਫ਼ਾਰਸੀ ਅਤੇ ਅਰਬੀ ਲਿਪੀਆਂ ਤੇ ਭਾਸ਼ਾਵਾਂ ਪ੍ਰਮੁੱਖ ਹਨ। ਹੱਥ-ਲਿਖਤਾਂ ਨੂੰ ਆਮ ਤੌਰ ਤੇ ਖਰੜਾ, ਮਸੌਦਾ, ਮਖਤੂਤਾ, ਓਲੇ, ਚੁਵੜੀ, ਪਾਂਡੂ ਲਿਪੀ, ਮੈਨਯੁ ਸਕ੍ਰਿਪਟ ਆਦਿ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। ਗੁਰਮੁਖੀ ਗ੍ਰੰਥਾਂ ਤੋਂ ਇਲਾਵਾ ਸੰਤਾਂ, ਭਗਤਾਂ, ਸੂਫ਼ੀਆਂ ਆਦਿ ਦਾ ਕਲਾਮ ਵੀ ਵਧੀਕ ਮਾਤਰਾ ਵਿਚ 'ਹੱਥ ਲਿਖਤਾਂ' ਦੇ ਰੂਪ ਵਿੱਚ ਲਿਖਿਆ ਗਿਆ ਹੈ, ਜੋ ਗੁਰਮੁਖੀ ਲਿਖਾਰੀਆਂ ਨੇ ਸੰਭਾਲ ਕੇ ਰੱਖਿਆ ਹੈ। ਪੁਰਾਤਨ ਲਿਖਾਰੀ ਤਪ-ਸਾਧਨਾਂ ਵਾਲੇ ਗਹਿਰ-ਗੰਭੀਰ, ਸਿਆਣੇ, ਸੁੱਚਜੇ ਅਤੇ ਕਲਾਕਾਰੀ ਸਿਫ਼ਤਾਂ ਦੇ ਮਾਲਕ ਹੋਣ ਕਰਕੇ ਸਖ਼ਤ ਮਿਹਨਤ ਕਰਦੇ ਸਨ। ਮਨੁੱਖੀ ਸਰੀਰ ਵਾਂਗ ਹੱਥ-ਲਿਖਤ ਵੀ ਪੰਜ ਤੱਤਾਂ ਨਾਲ ਸਾਕਾਰ ਹੁੰਦੀ ਹੈ ਜਿਵੇਂ ਕਾਗਜ਼, ਕਲਮ, ਸਿਆਹੀ, ਦਵਾਤ ਤੇ ਲਿਖਾਰੀ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦਾ ਬਚਨ

**ਧੰਨੁ ਸੁ ਕਾਗਦੁ ਕਲਮ ਧੰਨੁ ਧੰਨ ਭਾਂਡਾ ਧਨ ਮਸੁ ॥**

**ਧਨੁ ਲੇਖਾਰੀ ਨਾਨਕਾ, ਜਿਨਿ ਨਾਮੁ ਲਿਖਾਇਆ ਸਚੁ ॥**

ਕਰਤਾਰਪੁਰ ਦੀ ਪਵਿੱਤਰ ਧਰਤੀ ਤੇ ਗੁਰੂ ਸਾਹਿਬ ਕੋਲ ਕਈ ਲਿਖ਼ਾਰੀ ਬਾਣੀ ਲਿਖਣ ਦੀ ਸੇਵਾ ਕਰਦੇ ਰਹੇ ਜਿਨਾਂ ਵਿੱਚ ਪ੍ਰਮੁੱਖ ਸਨ ਪੈੜਾ ਮੋਖਾ, ਹੰਸੂ ਲੁਹਾਰ, ਭਗੀਰਥ, ਸੀਹਾਂ ਛੀਂਬਾ, ਮਨਸੁਖ, ਸੈਦੋ ਘਿਉ ਆਦਿ। ਇਹ ਉਹ ਸਮਾਂ ਸੀ ਜਦੋਂ ਲਿਖਾਰੀਆਂ ਨੇ ਕਰਮਕਾਂਡੀ ਗ੍ਰੰਥਾਂ ਦੀ ਲਿਖਾਈ ਨੂੰ ਇਕ ਪਾਸੇ ਰੱਖ ਕੇ ਗੁਰੂ-ਬਾਣੀ ਤੇ ਸੰਤ ਬਾਣੀ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ। ਕਈ ਵੇਰਾਂ ਸੁਚੇਤ ਲਿਖਾਰੀ ਹੋਣ ਦੇ ਬਾਵਜੂਦ ਨਕਲ ਕਰਨ ਵਾਲਿਆਂ ਕੋਲੋਂ-ਅਨੇਕਾਂ ਗ਼ਲਤੀਆਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਸਨ। ਇਨ੍ਹਾਂ ਮੂਲ ਪਾਠਾਂ ਨੂੰ ਜਾਣ-ਬੁੱਝ ਜਾਂ ਸਹਿਜ-ਸੁਭਾ ਹੀ ਅੱਖਰ ਬਦਲਣ ਕਾਰਨ 'ਵਾਕ-ਵੱਜਰ' ਕਿਹਾ ਜਾਂਦਾ ਹੈ। ਇਸ ਨੂੰ ਬਾਅਦ ਵਿੱਚ 'ਪਾਠ-ਵਿਧੀ' ਦੀ ਸੰਗਿਆ ਦਿੱਤੀ ਗਈ। ਉਤਾਰਾ ਕਰਨ ਵਾਲਿਆਂ ਪ੍ਰਾਚੀਨ ਲੇਖਕਾਂ ਨੂੰ "ਲਿਪਿਕ" ਆਖਿਆ ਜਾਂਦਾ ਸੀ। ਫ਼ਾਰਸੀ ਵਾਲੇ 'ਖੁਸ਼ਨਵੀਸ' ਜਾਂ 'ਨਵੀਸਿੰਦਾ', ਅਰਬੀ ਵਾਲੇ 'ਕਾਤਿਬ ਅਤੇ ਪੰਜਾਬੀ ਵਾਲੇ " ਲਿਖਾਰੀ" ਆਖਦੇ ਹਨ।

**ਧਨੁ ਲਿਖਾਰੀ ਨਾਨਕਾ, ਪਿਆਰੇ, ਸਾਚੁ ਲਿਖੈ ਉਰ ਧਾਰਿ।**

**ਕਾਗਦ ਕਲਮੁ ਨ ਲਿਖਣਹਾਰੁ॥ਆਪੇ ਲੇਖਣਿ ਆਪ ਲਿਖਾਰੀ।**

ਇੰਝ 'ਲਿਖਾਰੀ' ਜਾਂ "ਲਿਪਿਕ' ਕਿਸੇ ਰਚਨਾ ਦੀ ਨਕਲ ਤਿਆਰ ਕਰਨਵਾਲੇ ਦਾ ਬੋਧ ਕਰਾਉਂਦਾ ਹੈ। 'ਲਿਪਿਕ' ਦੇ ਉਪਕਰਣ ਬਾਰੇ ਡਾ. ਗੋਵਿੰਦ ਨਾਥ ਰਾਜਗੁਰੂ੧ ਤਿੰਨ ਪ੍ਰਮੁੱਖ ਨੁਕਤੇ ਦੱਸਦਾ ਹੈ:

**(ੳ) ਲਿਪੀ-ਆਸਨ**:- ਲਿਪੀ ਦੇ ਮਾਧਿਅਮ ਤੋਂ 'ਪਾਠ' ਨੂੰ ਜਿਸ ਆਸਨ (ਕਾਗਜ਼, ਭੋਜ-ਪੱਤਰ, ਧਾਤੂ, ਪੱਥਰ, ਕਪੜਾ, ਚਮੜੇ ਆਦਿ) ਉੱਤੇ ਸਜਾਇਆ ਜਾਂਦਾ ਹੈ, ਉਸ ਨੂੰ 'ਲਿਪੀ-ਆਸਨ' ਕਿਹਾ ਜਾਂਦਾ ਹੈ। ਪਾਠ ਦੀ ਪਰਮਾਣਕਤਾ ਲਿਪੀ-ਆਸਨ ਦੀ ਜਾਂਚ ਪੜਤਾਲ ਦੁਆਰਾ ਸਿੱਧ ਕੀਤੀ ਜਾਂਦੀ ਹੈ।

**(ਅ) ਲੇਖਣੀ (ਕਲਮ):-** ਲਿਪੀ ਕਰਮ ਨਾਲ ਸੰਬੰਧਿਤ ਹੋਣ ਕਰ ਕੇ ਲੇਖਣੀ ਨੂੰ ਵੀ ਬਹੁਤ ਸਨਮਾਨ ਦਿੱਤਾ ਗਿਆ। ਪਾਠ ਨੂੰ ਇਕ ਆਕਾਰ ਦੇਣ ਕਾਰਨ ਲੇਖਣੀ ਦੀ ਮਹਿਮਾਂ ਬਹੁਤ ਥਾਵਾਂ ਤੋਂ ਮਿਲਦੀ ਹੈ।

**(ੲ) ਮਸੀ (ਸਿਆਹੀ)**:- ਮਸੀ ਬਣਾਉਣ ਦੇ ਕਿੰਨੇ ਹੀ ਨੁਸਕੇ ਹੱਥ-ਲਿਖਤਾਂ ਵਿਚ ਮਿਲਦੇ ਹਨ। ਹੱਥ-ਲਿਖਤਾਂ ਦੇ ਖੋਜੀਆਂ ਨੇ ਮਸੀ ਬਾਰੇ ਅਨੇਕਾਂ ਤੱਥਾਂ ਦਾ ਪਤਾ ਲਗਾਇਆ ਹੈ। ਸਿਆਹੀ ਦੀ ਸੂਖਮ ਜਾਂਚ ਪੜ੍ਹਤਾਲ ਤੋਂ ਵੀ ਪਾਠ ਦੀ ਪਰਮਾਣਕਤਾ ਸਿੱਧ ਕੀਤੀ ਜਾਂਦੀ ਹੈ। 'ਪਾਠ' ਨੂੰ ਨਿਸ਼ਚਤ ਆਕਾਰ (ਰੂਪ) ਦੇ ਕੇ ਸੁਰਖਿਅਤ ਰੱਖਣਾ ਹੀ ਲਿਖਾਰੀ ਦਾ ਮੁੱਖ ਟੀਚਾ ਹੁੰਦਾ ਹੈ। ਇਸ ਲਈ ਲਿਖਾਰੀ ਨੂੰ ਸਰਕਾਰੀ ਜਾਂ ਗੈਰ-ਸਰਕਾਰੀ ਤੌਰ ਤੇ ਮਾਣ-ਸਨਮਾਨ ਮਿਲਦੇ ਰਹਿੰਦੇ ਹਨ। ਡਾ. ਐਮ.ਐਸ. ਕਾਤਰ੨ ਅਨੁਸਾਰ "ਲਿਪਿਕ ਆਮ ਕਰਕੇ ਹੱਥ-

ਲਿਖਤ ਦਾ 93% ਭਾਗ ਹੀ ਪਰਿਸਤੁਤ ਕਰਦਾ ਹੈ। ਇਕੋ ਹੀ ਹੱਥ-ਲਿਖਤ ਦਾ ਚੋਥਾ ਭਾਗ 'ਲਿਪਿਕ' ਮੂਲ-ਪਾਠ ਦੇ 28% ਭਾਗ ਨੂੰ ਜਾਂ ਤਾਂ ਛੱਡ ਜਾਂਦਾ ਹੈ ਜਾਂ ਮਿਟਾ ਦਿੰਦਾ ਹੈ ਜਾਂ ਉਸ ਵਿੱਚ ਕਈ ਤਰ੍ਹਾਂ ਦਾ ਰਲਾ ਪਾ ਦਿੰਦਾ ਹੈ। ਇਸ ਤਰ੍ਹਾਂ ਹੱਥ-ਲਿਖਤ ਆਪਣੇ ਮੂਲ ਰੂਪ ਤੋਂ ਕਿਤੇ ਦੂਰ ਜਾ ਪੈਂਦੀ ਹੈ। ਉਸ ਦੇ ਮੂਲ ਰੂਪ ਨੂੰ ਲੱਭਣ ਲਈ ਵਿਚਾਰ ਅਧੀਨ ਹੱਥ-ਲਿਖਤਾਂ ਦੀਆਂ ਵੱਖਰੀਆਂ ਵੱਖਰੀਆਂ ਕਾਪੀਆਂ ਦੀ ਖੋਜ ਕਰਨਾ ਅਨਿਵਾਰੀ ਹੋ ਜਾਂਦਾ ਹੈ।

ਹੱਥ-ਲਿਖਤਾਂ ਦੀ ਸੰਪਾਦਨਾ ਸਮੇਂ ਜੋ ਨੁਕਤੇ ਘੋਖਣ ਵਿਚ ਆਉਂਦੇ ਹਨ, ਉਨ੍ਹਾਂ ਵਿੱਚ ਵਿਸ਼ੇਸ਼ ਹਨ ਲਿਪੀ-ਆਸਨ, ਲਿਪੀ, ਵਿਸ਼ੈ-ਵਸਤੂ, ਲਿਖਤਾਂ ਦੀ ਖੋਜ, ਪਾਠ ਭੇਦ, ਕੁਰਸੀਨਾਮੇ ਆਦਿ। ਜਦੋਂ ਕੋਈ ਹਿੰਦੂ ਜਾਂ ਸਿੱਖ ਲਿਖਾਰੀ ਕਿਸੇ ਰਚਨਾ ਦਾ ਉਤਾਰਾ ਆਰੰਭ ਕਰਦੇ ਤਾਂ ਉਹ 'ਸ੍ਰੀ ਗਣਸ਼ੇਯ ਨਮਹ' ਜਾਂ '੧ਓ ਸਤਿਗੁਰ ਪ੍ਰਸਾਦਿ` ਲਿਖਦੇ ਅਤੇ ਫ਼ਾਰਸੀ ਗ੍ਰੰਥਾਂ ਵਾਲੇ 'ਬਾ-ਫ਼ਜ਼ਲ ਅਕਾਲ ਪੁਰਖ ਜੀਉ ਕਾ' ਜਾਂ 'ਸ੍ਰੀ ਵਾਹਿਗੁਰੂ ਜੀ ਸਹਾਇ'' ਲਿਖਦੇ ਅਤੇ ਮੁਸਲਮਾਨ ਲਿਖਾਰੀ ਕਲਮੇ 'ਬਿਸਮਿਲਾ-ਓ-ਰਹਿਮਾਨ ਰਹੀਮ' ਆਦਿ ਨਾਲ ਰਚਨਾਵਾਂ ਸ਼ੁਰੂ ਕਰਦੇ ਸਨ। ਮੌਖਿਕ-ਰਚਨਾਵਾਂ ਨੂੰ ਜਦੋਂ ਲਿਖਤੀ ਰੂਪ ਰਾਹੀਂ ਸਾਕਾਰ ਕੀਤਾ ਜਾਂਦਾ ਤਾਂ ਅਨੇਕਾਂ ਅੱਖਰਾਂ, ਸ਼ਬਦਾਂ, ਪਦਾਂ, ਮਾਤਰਾਵਾਂ ਆਦਿ ਵਿਚ ਕੁਦਰਤੀ ਪ੍ਰਵਰਤਨ ਆ ਜਾਂਦਾ ਸੀ। ਇੰਝ ਨਕਲ-ਦਰ-ਨਕਲ ਕੀਤੀਆਂ ਕਾਪੀਆਂ ਵਿਚ ਬੇਸ਼ੁਮਾਰ ਗਲਤੀਆਂ ਵਿਦਮਾਨ ਹੁੰਦੀਆਂ। ਇਹ ਹੱਥ-ਲਿਖਤਾਂ ਸੰਜੋਗਾਤਮਕ ਸ਼ੈਲੀ ਤੇ ਕੇਂਦਰਿਤ ਹੁੰਦੀਆਂ ਅਤੇ ਸ਼ਬਦ ਜੋੜਵੇਂ ਹੁੰਦੇ। ਇਸ ਵਿਧੀ ਵਿਚ ਕੇਵਲ ਪੋਥੀਆਂ ਹੀ ਨਹੀਂ ਸਗੋਂ ਹੁਕਮਨਾਮੇ ਅਤੇ ਹੋਰ ਦਸਤਾਵੇਜ਼ ਵੀ ਅਗਰਸਰ ਸਨ। ਇਸ ਵਿਧੀ ਰਾਹੀਂ 1867 ਈ. ਦਾ ਪਹਿਲਾ ਪੰਜਾਬੀ ਅਖ਼ਬਾਰ 'ਸ੍ਰੀ ਦਰਬਾਰ ਸਾਹਿਬ'੩ ਪੱਥਰ ਛਾਪ ਰਾਹੀਂ ਛਪਣਾ ਸ਼ੁਰੂ ਹੋਇਆ।

ਪੰਜਾਬੀ ਭਾਸ਼ਾ ਦਾ ਹੱਥ-ਲਿਖਤ ਸਾਹਿਤ, ਪੰਜਾਬੀ ਸਾਹਿਤ ਦੀ ਤਵਾਰੀਖ਼ੀ ਬੇਸ਼ਕੀਮਤੀ ਨਿੱਧੀ ਹੈ, ਇਸ ਤੋਂ ਬਗੈਰ ਸਾਹਿਤਕ ਤਵਾਰੀਖ਼ ਦਾ ਸਹੀ ਪੈਰਾਡਾਇਮ ਸਾਡੇ ਸਾਹਮਣੇ ਨਹੀਂ ਆ ਸਕਦਾ। ਇਸ ਸਾਹਿਤ ਦਾ ਨਿਮਖ ਹਿੱਸਾ ਹੀ ਪ੍ਰਕਾਸ਼ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ। ਪ੍ਰੋ. ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਪੰਜਾਬੀ ਦੀਆਂ ਕੁਲ ਹੱਥ-ਲਿਖਤ ਪੁਸਤਕਾਂ ਜੋ ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਅਥਵਾ ਨਿੱਜੀ ਪੁਸਤਕਾਲਿਆਂ ਵਿੱਚ ਅਥਵਾ ਪੰਜਾਬ ਤੋਂ ਬਾਹਰ ਦੇਖਣ ਵਿਚ ਆਈਆਂ ਹਨ, ਉਹ ਪੰਜ ਹਜ਼ਾਰ ਤੋਂ ਉਪਰ ਹਨ, ਜਿਨ੍ਹਾਂ ਵਿੱਚੋਂ 3176 ਪੁਸਤਕਾਂ ਦੀ ਇਕ ਵੇਰਵੇ ਸਹਿਤ ਸੂਚੀ ਸਰਕਾਰ ਪੰਜਾਬ ਵੱਲੋਂ ਉਤਸ਼ਾਹ ਮਿਲਣ ਤੇ ਮਹਿਕਮਾ ਪੰਜਾਬੀ (ਪਿਛੋਂ ਭਾਸ਼ਾ ਵਿਭਾਗ, ਪੰਜਾਬ) ਦੇ ਅਧੀਨ ਵੱਡੇ ਵੱਡੇ ਦੋ ਭਾਗਾਂ ਵਿਚ ਛਪ ਕੇ ਪ੍ਰਕਾਸ਼ਿਤ ਹੋ ਗਈ ਹੈ। ਬਾਕੀ ਦੋ ਕੁ ਹਜ਼ਾਰ ਹੱਥ-ਲਿਖਿਤ ਪੁਸਤਕਾਂ ਦੇ ਵੇਰਵੇ, ਜਿਨ੍ਹਾਂ ਵਿਚ ਭਾਰਤ ਤੋਂ ਬਿਨ੍ਹਾਂ ਪੱਛਮੀ ਪੰਜਾਬ (ਪਾਕਿਸਤਾਨ) ਦੀਆਂ ਗੁਰਮੁਖੀ ਤੇ ਪੰਜਾਬੀ ਅਥਵਾ ਇਸਲਾਮੀ ਅਦਬ ਦੀਆਂ ਹੱਥ ਲਿਖਿਤ

ਪੁਸਤਕਾਂ ਦੇ ਵੇਰਵੇ ਸ਼ਾਮਿਲ ਹੋਣੇ ਜ਼ਰੂਰੀ ਹਨ, ਅਜੇ ਤਿਆਰ ਹੋਣੇ ਬਾਕੀ ਹਨ। ਉਹ ਇਸੇ ਲੜੀ ਦੀ ਤੀਜੀ ਪੁਸਤਕ ਹੋ ਸਕਦੀ ਹੈ। ਇਸੇ ਤਰ੍ਹਾਂ ਪੰਜਾਬੀ ਹੱਥ-ਲਿਖਤ ਪੁਸਤਕਾਂ ਦੀ ਇਕ ਮੁਕੰਮਲ ਸੂਚੀ ਤਿਆਰ ਹੋਣ ਤੋਂ ਬਗੈਰ ਪੰਜਾਬੀ ਸਾਹਿਤ ਦੇ ਖੋਜੀਆਂ ਤੇ ਆਲੋਚਕਾਂ ਲਈ ਇਹ ਪਤਾ ਲੱਗਣਾ ਇਕ ਔਖੀ ਜੇਹੀ ਗੱਲ ਹੈ ਕਿਹੜੀ ਕਿਹੜੀ ਪੁਸਤਕ ਕਿਤਨੀ ਜ਼ਰੂਰੀ ਹੈ ਤੇ ਉਹ ਉਨ੍ਹਾਂ ਨੂੰ ਕਿਥੋਂ ਮਿਲ ਸਕਦੀ ਹੈ, ਤਾਂ ਕਿ ਉਹ ਉਸੇ ਸਮੇਂ ਬਾਰੇ ਦਿਲਖੋਲ ਕੇ ਕੁੱਝ ਠੋਸ ਕੰਮ ਕਰ ਸਕਣ।੪

ਗੁਰਮੁਖੀ ਦੀਆਂ ਹੱਥ-ਲਿਖਤਾਂ ਦੀ ਵਿਦਵਾਨਾਂ ਨੇ ਸਮੁੱਚੇ ਤੌਰ ਤੇ ਬੋਲੀ ਦੇ ਨੁਕਤੇ-ਨਿਗਾਹ ਤੋਂ ਵੰਡ ਕੀਤੀ ਹੈ। 40 ਫ਼ੀਸਦੀ ਸਧੂਕੜੀ ਬੋਲੀ ਵਿਚ, ਜਿੱਥੇ ਕੁੱਝ ਹਿੱਸਾ ਬ੍ਰਜ ਭਾਸ਼ਾ ਦੇ ਸਾਹਿਤ, 40 ਫ਼ੀਸਦੀ ਸ਼ੁੱਧ ਤੇ ਠੇਠ ਪੰਜਬੀ ਵਿਚ ਅਤੇ 20 ਫ਼ੀਸਦੀ ਸੰਸਕ੍ਰਿਤ, ਉਰਦੂ-ਫ਼ਾਰਸੀ, ਹਰਿਆਣੀ, ਬਾਂਗਰੂ ਤੇ ਰੇਖਤੇ ਦੀ ਬੋਲੀ ਵਿਚ ਮੰਨਿਆ ਹੈ। ਪੰਜਾਬੀ ਦਾ ਗੁਰਮੁਖੀ ਹੱਥ-ਲਿਖਤੀ ਸਾਹਿਤ ਮੌਲਿਕ ਅਤੇ ਅਨੁਵਾਦਿਕ ਹੈ। ਮੌਲਿਕ ਸਾਹਿਤ ਵਿਚ ਸ਼ਬਦ ਸ਼ਲੋਕ ਸ਼ੇਖ ਫ਼ਰੀਦ ਜੀ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਕ੍ਰਿਤ ਵਾਰਾਂ ਤੇ ਕਬਿੱਤ ਸਵੈਯੇ, ਭਾਈ ਬਹਿਲ ਜੀ ਦੇ ਸ਼ਬਦ ਸਲੋਕ, ਵਚਨ ਤੇ ਬਾਰਾਂਮਾਹੇਂ, ਭਾਈ ਸਾਧੂ ਜਨ ਦੇ ਸ਼ਬਦ ਸ਼ਲੋਕ, ਹੀਰ ਦਮੋਦਰ ਜੀ ਦੀ, ਭਗਤ ਜਲ੍ਹਣ ਦੀ ਬਾਣੀ, ਹੀਰ ਅਹਿਮਦ ਗੁੱਜਰ, ਹੀਰ ਮੁਕਬਲ ਅਤੇ ਹੀਰ ਵਾਰਿਸ ਆਦਿ ਰਚਨਾਵਾਂ ਤੇ ਕਾਵਿ-ਪੁਸਤਕਾਂ ਸ਼ਾਮਿਲ ਹਨ। ਅਨੁਵਾਦਿਕ ਸਾਹਿਤ ਵਿਚ ਭਾਈ ਸਾਧੂ ਜਨ ਦਾ ਮਹਾਂ ਭਾਰਤ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਰਾਮ, ਸ਼ਿਆਮ, ਟਹਿਕਨ, ਅਣੀ ਰਾਇ, ਅੰਮ੍ਰਿਤ ਰਾਇ, ਹੰਸਰਾਜ਼ ਕੁੰਵਰੇਸ਼, ਮੰਗਲ ਆਦਿ ਦੀਆਂ ਮਹਾਨ ਰਚਨਾਵਾਂ, ਸ੍ਰੀ ਆਨੰਦਪੁਰ ਸਾਹਿਬ ਦੇ ਅੰਤਿਮ ਯੁੱਧ ਸਮੇਂ ਲੁਪਤ ਹੋਇਆ ਨੌਂ ਮਣ ਪੱਕੇ ਦਾ ਵਿਦਿਆਧਰ ਗ੍ਰੰਥ ਆਦਿ ਗਿਣੀਆਂ ਜਾ ਸਕਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਦਾ ਅਨੁਵਾਦਿਕ ਮਹਾਂ ਭਾਰਤ, ਜੋ ਇਸ ਸਮੇਂ ਮਹਾਰਾਜਾ ਪਟਿਆਲਾ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ।੫ ਇਕੋ ਇਕ ਕਾਵਿ-ਪੁਸਤਕ ਹੈ, ਜਿਸ ਦੀ ਦੂਜੀ ਪ੍ਰਤੀ ਕਿਸੇ ਵੀ ਪੁਸਤਕਾਲੇ ਵਿਚ, ਅਜੇ ਤੱਕ ਦੇਖਣ ਵਿਚ ਨਹੀਂ ਆਈ।

ਪੁਰਾਤਨ ਸਮੇਂ ਤਾਂ ਗਿਆਨ ਦਾ ਸੋਮਾਂ ਹੀ ਮੌਖਿਕ ਤੋਂ ਹੋ ਕੇ ਹੱਥ-ਲਿਖਤਾਂ ਤੱਕ ਪੁੱਜਿਆ ਹੈ। ਉਨ੍ਹਵੀਂ ਸਦੀ ਦੇ ਸ਼ੁਰੂ ਵਿੱਚ ਟਾਇਪ-ਰਾਇਟਰ ਦੇ ਹੋਂਦ ਵਿਚ ਆਉਣ ਨਾਲ, ਲਿਖਾਰੀਆਂ ਦੀ ਬਹੁ-ਸੰਖਿਆ ਆਲੋਪ ਹੋ ਗਈ ਹੈ। ਹੱਥ-ਲਿਖਤਾਂ ਦੀ ਲਿਖਣਕਾਰੀ ਬਹੁਤ ਮਿਹਨਤ ਅਤੇ ਸਮੇਂ ਦੀ ਮੰਗ ਕਰਦੀ ਸੀ ਜੋ ਮਹੀਨੇ/ਸਾਲਾਂ ਤੱਕ ਮੁਕੰਮਲ ਹੁੰਦੀ ਸੀ। ਕਈ ਹੱਥ-ਲਿਖਤਾਂ ਤਾਂ ਬੇਸ਼ਕੀਮਤੀ ਸਰਮਾਇਆ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਵਿਚ ਚਿੱਤਰਕਾਰੀ/ਚਿੱਤਰ ਉੱਕਰੇ ਹੁੰਦੇ ਹਨ।ਇਹ ਪੰਨੇ ਰੰਗ-ਬਰੰਗੇ, ਵੱਖਰੀਆਂ ਸਿਹਾਈਆਂ, ਵੱਡ ਆਕਾਰੀ ਸ਼ਬਦਾਂ, ਗੂੜੇ ਰੰਗਾਂ, ਪੂਰੇ ਸਫ਼ੇ ਵਾਲੇ ਚਿੱਤਰ ਆਦਿ ਅਜਿਹੀਆਂ ਹੱਥ-ਲਿਖਤਾਂ ਨੂੰ ਚਾਰ-ਚੰਨ ਲਾਉਂਦੇ

ਹਨ। ਹੱਥ-ਲਿਖਤਾਂ ਸਾਹਿਤ ਦੇ ਹੋਰ ਖ਼ਜ਼ਾਨਿਆਂ ਵਾਂਗ ਹੀ ਇੱਕ ਅਹਿਮ ਖਜ਼ਾਨਾ ਹੈ। ਇਨ੍ਹਾਂ ਹੱਥ-ਲਿਖਤਾਂ ਦਾ ਆਪਣਾ ਵੱਖਰਾ ਇਤਿਹਾਸ ਹੈ ਜੋ ਸ਼ਿਲਾਲੇਖਾਂ, ਸਭਿਆਤਾਵਾਂ ਦੇ ਘੇਰੇ, ਇਤਿਹਾਸ, ਕਲਾ, ਲਿਖਾਈ, ਖੁਸ਼ਨਵੀਸੀ, ਭਾਸ਼ਾ, ਸਮਾਜਿਕ, ਸਿਆਸੀ ਤੇ ਆਰਥਿਕ ਸੰਕੇਤਾਂ ਆਦਿ ਦਾ ਭਰਪੂਰ ਵਿਵਰਣ ਦੱਸਦੀ ਹੈ। ਕਈ ਹੱਥ-ਲਿਖਤਾਂ ਖੰਡਿਤ ਹੋਈਆਂ ਵੀ ਦੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਦੇ ਕੁੱਝ ਅੰਸ਼ ਆਲੋਪ ਜਾਂ ਨਸ਼ਟ ਹੋ ਚੁੱਕੇ ਹਨ। ਡਾ. ਸਤਯੇਂਦਰ੬ ਨੇ ਪਾਠ ਵਿਗਾੜ ਦੇ ਕੁੱਝ ਕਾਰਨ ਨਿਸ਼ਚਿਤ ਕੀਤੇ ਹਨ ਜਿਵੇਂ ਜਾਣਬੁਝ ਕੇ, ਅਣਜਾਣੇ ਅਤੇ ਜਾਣੇ-ਅਣਜਾਣ। ਪਰ ਡਾ. ਐਮ.ਐਸ. ਕਾਤਰੇ੭ ਵਿਦਵਾਨ ਅਨੁਸਾਰ ਪਾਠ ਜਾਂ ਅਸ਼ੁਧੀਆਂ ਦੀ ਵਿਕਰਤੀ ਦੇ ਪ੍ਰਮੁੱਖ ਕਾਰਨ ਰਾਤੀਆਂ (Confusion), ਲੋਪ (Omissions) ਅਤੇ ਵਾਧਾ ( Additions ) ਮੰਨਿਆ ਜਾਂਦਾ ਹੈ। ਹੱਥ-ਲਿਖਤਾਂ ਨੂੰ ਆਮ ਵਿਅਕਤੀ ਹੱਥੋਂ ਖੁਰਦ-ਬੁਰਦ ਹੋਣ ਦਾ ਵਧੇਰੇ ਅੰਦੇਸ਼ਾ ਹੁੰਦਾ ਹੈ। ਇਸ ਲਈ ਯੋਗਤਾ, ਮਹੱਤਤਾ ਤੇ ਪਰਮਾਣਿਕਤਾ ਦੀ ਵਿਸਤਾਰਥ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਹੈ। ਗੁਰਮੁਖੀ ਹੱਥ-ਲਿਖਤਾਂ ਸਾਡੇ ਗੋਰਵਮਈ ਇਤਿਹਾਸਕ ਵਿਰਸੇ ਦਾ ਖਜ਼ਾਨਾ ਹਨ। ਇਸ ਦੇ ਆਸਰੇ ਅਸੀਂ ਧਰਮ, ਕਲਾ, ਸਾਹਿਤ ਨੂੰ ਪ੍ਰਫੁਲਿਤ ਕਰਨ ਵਿਚ ਕਾਮਯਾਬ ਹੁੰਦੇ ਹਾਂ। ਹਿਮਾਲੀਆਂ ਪਹਾੜ ਦੀਆਂ ਉੱਚੀਆਂ ਚੋਟੀਆਂ ਤੇ ਇਕ ਬਿਰਛ 'ਭੂਰਜ' ਆਮ ਹੁੰਦਾ ਹੈ ਜਿਸ ਦੀ ਛਿਲ ਨੂੰ 'ਭੋਜ ਪੱਤਰ'੮ ਆਖਿਆ ਜਾਂਦਾ ਹੈ। ਚੀਨ ਦੇ ਮਹਾਨ ਯਾਤਰੀ ਐਲ-ਬਰੂਨੀ (1030 ਈ.) ਨੇ ਆਪਣੇ ਸਫ਼ਰਨਾਮੇਂ ਵਿਚ ਲਿਖਿਆ ਹੈ ਕਿ ਉੱਤਰੀ ਹਿੰਦ ਦੇ ਲੋਕ ਤੂਜ਼ (ਭੋਜ) ਦੀ ਛਿੱਲ ਉੱਤੇ ਲਿਖਦੇ ਹਨ। ਇਹੋ ਕਾਰਨ ਹੈ ਕਿ ਭੋਜ-ਪੱਤਰਾਂ ਉੱਤੇ ਲਿਖੀਆਂ ਬਹੁਤੀਆਂ ਹੱਥ-ਲਿਖਤਾਂ ਕਸ਼ਮੀਰ ਵਿਚੋਂ ਮਿਲੀਆਂ ਹਨ। ਗੌਰੀ –ਸ਼ੰਕਰ ਹੀਰਾ ਚੰਦ ਉਝਾ ਅਨੁਸਾਰ ਸੱਭ ਤੋਂ ਪੁਰਾਣਾ ਗ੍ਰੰਥ ਖਰੋਸ਼ਠੀ ਲਿਪੀ ਵਿਚ ਭੋਜਪੱਤਰ ਉੱਤੇ ਲਿਖੀ ਬੋਧੀ ਹੱਥ-ਲਿਖਤ 'ਗਾਧਾਰੀ ਧੰਮਪਦ` ਦਾ ਕੁੱਝ ਹਿੱਸਾ ਹੈ। ਇਹ ਖੁਤਾਨ ਤੋਂ ਮਿਲਿਆ ਸੀ ਜੋ ਸਤੂਪ ਦੇ ਪੱਥਰ ਹੇਠ ਰਹਿਣ ਕਰਕੇ ਬਚਿਆ ਰਿਹਾ। ਇਸ ਦਾ ਲਿੱਖਣਕਾਲ ਦੂਜੀ ਤੀਜੀ ਸਦੀ ਅਨੁਮਾਨਿਆ੯ ਗਿਆ ਹੈ। ਮੁਗਲਾਂ ਦੇ ਸਮੇਂ ਤੋਂ ਕਸ਼ਮੀਰ ਵਾਲੇ, ਭੁਰਜਪੱਤਰ ਦੀਆਂ ਪੁਸਤਕਾਂ ਉੱਪਰ ਵਰਤਮਾਨ ਕਿਤਾਬਾਂ ਦੀ ਤਰ੍ਹਾਂ ਚਮੜੇ ਦੀਆਂ ਜਿਲਦਾਂ ਦੀ ਬੰਨ੍ਹਣ ਲੱਗ ਪਏ ਸਨ। ਕਾਗਜ਼ ਉਪਰ ਲਿਖੀਆਂ ਹੋਈਆਂ ਪੁਸਤਕਾਂ ਵਿੱਚ, ਜਿਹੜੀਆਂ ਅਜ ਤੀਕ ਇਸ ਦੇਸ਼ ਅੰਦਰ ਮਿਲੀਆਂ ਹਨ ਸਭ ਤੋਂ ਪੁਰਾਣੀ ਈਸਵੀਂ ਸੰਨ 1223-24੧੦ ਦੀਆਂ ਦੱਸੀਆਂ ਜਾਂਦੀਆਂ ਹਨ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਚੀਨੀ-ਯਾਤਰੂ ਹਿਊਨਸਾਂਗ 657 ਹੱਥ-ਲਿਖਤਾਂ ਖਚਰਾਂ ਉੱਤੇ ਲੱਦ ਕੇ ਚੀਨ ਲੈ ਗਿਆ ਸੀ। ਅੱਜ ਵੀ ਇਕ ਹਜ਼ਾਰ (1000) ਤੋਂ ਵਧੀਕ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਅੰਮ੍ਰਿਤਸਰ, ਪਟਨਾ ਸਾਹਿਬ, ਦਮਦਮਾ ਸਾਹਿਬ, ਬਨਾਰਸ, ਹਜ਼ੂਰ ਸਾਹਿਬ, ਜੰਮੂ ਕਸ਼ਮੀਰ, ਲੰਡਨ, ਕਾਬਲ ਅਤੇ ਨਿੱਜੀ

ਪੁਸਤਕਾਲਿਆਂ ਆਦਿ ਵਿਚ ਸੁਰਖਿੱਅਤ ਪਈਆਂ ਹਨ। ਗੁਰੂ ਨਾਨਕ ਆਸ਼ਰਮ ਚਕਾਰ (ਕਸ਼ਮੀਰ) ਵਿੱਚ ਅਕਾਲੀ ਕੌਰ ਸਿੰਘ ਜੀ ਨਿਹੰਗ ਨੇ 52 ਹੱਥ-ਲਿਖਤ ਬੀੜਾਂ ਇੱਕਤਰ ਕੀਤੀਆਂ ਹੋਈਆਂ ਸਨ ਜੋ ਸੰਨ ਸੰਤਾਲੀ ਦੇ ਘਲੂਘਾਰੇ ਵਿੱਚ ਅਗਨ ਭੇਟ ਹੋ ਗਈਆਂ ਸਨ। ਪੁਰਾਤਨ ਬੀੜਾਂ ਦੇ ਅਧਿਐਨ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੁਰਾਤਨ ਲਿਖਾਰੀ ਬੜੇ ਸੂਝਵਾਨ, ਚੇਤਨ ਅਤੇ ਸੁਚਜੇ ਕਾਲਾਕਾਰਾਂ ਵਾਲੀਆਂ ਜੁਗਤਾਂ ਨਾਲ ਮਾਲੋਮਾਲ ਸਨ ਅਤੇ ਸ਼ਰਧਾਮੂਲਕ ਗੁੜਤੀ ਵਿਚ ਨਿਪੁੰਨ ਹੋ ਕੇ ਤਪਸਵੀਂ ਸਾਧੂਆਂ ਵਾਂਗ ਕਾਜਸ਼ੀਲ ਰਹਿੰਦੇ ਸਨ।

ਜੰਮੂ ਕਸ਼ਮੀਰ ਵਿਚ ਪੰਜਾਬੀ ਸਾਹਿਤ ਦਾ ਆਰੰਭ ਤੇਰਵੀਂ ਸਦੀਂ ਵਿੱਚ ਹੀ ਆਖਿਆ ਜਾ ਸਕਦਾ ਹੈ। ਇਸ ਸਦੀ ਦੇ ਕੁੱਝ ਲੋਕਗੀਤ ਅਤੇ ਕਾਵਿ ਬੰਦ, ਸੰਪੂਰਣ ਜਾਂ ਅਸੰਪੂਰਣ ਸਿੱਧ ਕਰਦੇ ਹਨ ਕਿ ਜੰਮੂ ਕਸ਼ਮੀਰ ਵਿਚ ਪੰਜਾਬੀ ਦ ਬੜਾ ਪ੍ਰਯੋਗ ਰਿਹਾ ਹੈ। ਰਾਜਾ ਭਰਥਰੀ, ਜੋ ਮਹਾਂ ਜੋਗੀ ਸੀ ਦੀ ਕਵਿਤਾ ਦਾ ਨਮੂਨਾ ਵੇਖੋ :

"ਉਹ ਘਰ ਜਾਇਓ ਨੀ ਨੀਂਦੜੀਏ, ਜਿਤ ਘਰ ਰਾਮ ਨਾਮ ਨਹੀਂ ਭਾਵੇ।
ਉਤ ਮਨ ਧਾਇਓਂ ਨੀ ਨੀਂਦੜੀਏ, ਜੋ ਨਹੀਂ ਰਾਮ ਨਾਮ ਚਿਤ ਲਾਵੇ।
ਸਦਾ ਮਗਨ ਹੂੰ ਨਾਮ ਨਿਦੜਾ, ਔਰ ਨਹੀਂ ਕਿਛ ਦੂਜਾ ਕਾਮ ਕੇਹ ਭਰਥਰੀ ਸੁਣ ਭਾਈ ਨਿੰਦਾ, ਇਥੇ ਤੇ ਨਹੀਂ ਤੇਰਾ ਬਾਸਾ ਥਾਮ ਉਤ ਦਰ ਜਾਇਓ ਵੇ ਨੀਂਦੜੀਏ, ਜਿਤ ਦਰ ਰਾਮ ਨਾਮ ਨਹੀਂ ਧਾਵੇ"।੧੧

ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਬੱਡਸ਼ਾਹ ਬਾਦਸ਼ਾਹ ਦੇ ਦਰਬਾਰ (1423-1470 ਈਂ) ਵਿੱਚ ਪੰਜਾਬੀ ਕਵੀ ਮੌਜੂਦ ਸਨ। ਦਾਰਾ ਸ਼ਿਕੋਅ ਦੇ ਦੌਰ (1634-1657 ਈਂ) ਸਮੇਂ ਹੀ ਬਹੁਤੇ ਪੰਜਾਬੀ ਸੂਫ਼ੀ ਕਵੀ ਕਸ਼ਮੀਰ ਦੀ ਧਰਤੀ ਵੱਲ ਆਏ ਸਨ। 1752 ਈਂ ਵਿਚ ਕਸ਼ਮੀਰ ਤੇ ਅਫ਼ਗਾਨਾਂ ਦਾ ਰਾਜ ਹੋਇਆ ਤਾਂ ਅਫ਼ਗਾਨ ਗਵਰਨਰ ਪੰਜਾਬੀ ਰਾਜਾ ਸੁਖਜੀਵਨ ਮੱਲ ਆਪਣੇ ਨਾਲ ਸੈਂਕੜੇ ਸਿੱਖ ਹਿੰਦੂ ਫੌਜੀ ਪੋਠੋਹਾਰ ਆਦਿ ਥਾਵਾਂ ਤੋਂ ਲੈ ਕੇ ਕਸ਼ਮੀਰ ਆਇਆ। ਇਨ੍ਹਾਂ ਪੰਜਾਬੀਆਂ ਨੇ ਬਹੁਤ ਸਾਰਾ ਹੱਥ-ਲਿਖਤ ਪੰਜਾਬੀ ਅਤੇ ਧਾਰਮਿਕ ਸਾਹਿਤ ਆਪਣੇ ਨਾਲ ਲਿਆਏ। ਅਫ਼ਗ਼ਾਨ ਦੌਰ ਸਮੇਂ ਹੀ ਸੰਤ ਦਾਸ ਛਿੱਬਰ ਅਤੇ ਕਵੀ ਸੰਤ ਰੈਣ੧੨ ਦੀਆਂ ਰਚਨਾਵਾਂ ਨੂੰ ਪ੍ਰਸਿੱਧੀ ਮਿਲੀ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੇਵਬਕਰ ਪੰਡਤ, ਦੇਵੀ ਦਾਸ ਆਦਿ ਨੇ ਅਨੁਵਾਦ ਦਾ ਸਿਲਸਿਲਾ ਸ਼ੁਰੂ ਕੀਤਾ ਸੀ।

ਗੁਰੂ ਨਾਨਕ ਦੇਵ ਜੀ ਨੇ ਅਪਣੀ ਤੀਜੀ ਉਦਾਸੀ ਸਮੇਂ (1515-1517 ਈਂ) ਮਟਨ (ਕਸ਼ਮੀਰ) ਵਿਚ ਵੀ ਆਏ ਸਨ। ਇਸੇ ਸਮੇਂ ਗੁਰੂ ਜੀ ਨੇ ਇਕ ਅਧਿਆਤਮਕ ਵਾਰ ਦੀ ਰਚਨਾ ਕੀਤੀ, ਜਿਸ ਨੂੰ ਹੱਥ-ਲਿਖਤ ਸਾਹਿਤ ਦਾ ਪ੍ਰਾਰੰਭਕ ਸੰਕੇਤ ਕਹਿਣਾ ਉਚਿੱਤ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ "ਰਾਗ ਆਸਾ ਮਹਲਾ ੧, ਪਟੀ ਲਿਖੀ ਇਹ ਬਾਣੀ ਛੋਟੇ

ਆਕਾਰ ਦੀ ਹੈ ਅਤੇ ਇਸ ਵਿੱਚ ਗੁਰੂ ਜੀ ਨੇ ਪੰਡਿਤਾਂ (ਪਾਂਧੇ) ਦੇ ਜੀਵਨ ਉੱਤੇ ਕਮਾਲ ਦਾ ਕਟਾਖਸ਼ ਕੀਤਾ ਹੈ। ਭਾਸ਼ਾਈ ਦ੍ਰਿਸ਼ਟੀ ਤੋਂ ਪੰਜਾਬੀ ਦੀ ਸਾਧ-ਭਾਖਾ ਹੈ। ਇਹ ਪਟੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ:

ਰਾਗੁ ਆਸਾ ਮਹਲਾ ੧ ਪਟੀ ਲਿਖੀ ੧ੴ ਸਤਿਗੁਰ ਪ੍ਰਸਾਦਿ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬ ਏਕੁ ਭਇਆ ॥
ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ॥੧॥

(ਗੁਰੂ ਗ੍ਰੰਥ ਸਾਹਿਬ, ਅੰਗ 432-35)

ਪਰ ਸਾਡੀ ਬਦਕਿਸਮਤੀ ਹੈ ਕਿ ਗੁਰੂ ਸਾਹਿਬ ਦੇ ਆਪਣੇ ਹੱਥਾਂ ਦੀ ਲਿਖੀ ਪੱਟੀ ਮੌਜੂਦ ਨਹੀਂ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਇਸ ਪੱਟੀ ਵਿਚ ਗੁਰੂ ਸਾਹਿਬ ਨੇ ਪੂਰੇ 35 ਅੱਖਰ ਦਿੱਤੇ ਹਨ। ਰਿਆਸਤ ਵਿੱਚ ਜਿਨ੍ਹਾਂ ਹੱਥ-ਲਿਖਤਾਂ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਵਿਚ ਭਾਈ ਸੁਥਰਾ ਸ਼ਾਹ, ਕਰਮ ਸਿੰਘ ਚੌਕੀ, ਕੇਸਰ ਸਿੰਘ ਛਿੱਬਰ, ਸੰਤ ਦਾਸ ਛਿਬਰ, ਬਾਬਾ ਸਿੱਧ ਨਾਥ, ਸੰਤ ਰੈਣ, ਰਾਜਾ ਰਾਮ ਤੋਤਾ ਕੋਲ ਕਸ਼ਮੀਰੀ, ਗੁਲਾਮ ਨੱਬੀ ਰਸਲੀਨ, ਬਾਬ ਮੌਜ ਸਿੰਘ, ਬਾਬਾ ਬਾਘ ਸਿੰਘ, ਬਾਬਾ ਬਿਸ਼ਨ ਸਿੰਘ, ਬਾਬਾ ਗਨਪਤ ਸਿੰਘ, ਕਵੀ ਦੇਵੀ ਦਾਸ, ਪੰਡਤ ਵਾਸਦੇਵ ਕਸ਼ਮੀਰੀ, ਸੇਵਾ ਸਿੰਘ ਛਿਬਰ, ਅਕਾਲੀ ਕੌਰ ਸਿੰਘ ਅਤੇ ਭਾਈ ਸ਼ੇਰ ਸਿੰਘ ਕਸ਼ਮੀਰ ਆਦਿ ਸ਼ਾਮਲ ਹਨ। ਰਿਆਸਤ ਵਿੱਚ ਜੋ ਹੱਥ-ਲਿਖਤਾਂ ਦਾ ਕੰਮ ਕਰਦੇ ਸਨ, ਉਨ੍ਹਾਂ ਨਾਲ ਸ਼ਬਦ 'ਲਿਖਾਰੀ' ਅਜੇ ਤੱਕ ਲਿਖਿਆ ਮਿਲਦਾ ਹੈ ਜਿਵੇਂ ਭਾਈ ਧਰਮ ਸਿੰਘ ਲਿਖਾਰੀ ਸ਼ਾਲਕੋਟ, ਭਾਈ ਦੀਦਾਰ ਸਿੰਘ ਲਿਖਾਰੀ, ਭਾਈ ਭੂਪ ਸਿੰਘ ਲਿਖਾਰੀ, ਪੰਡਤ ਰਾਮਾ ਲਿਖਾਰੀ ਆਦਿ। ਇਨ੍ਹਾਂ ਲਿਖਾਰੀਆਂ ਦੇ ਜ਼ਿਮਰੇ ਵਿਚ ਗ੍ਰੰਥੀ, ਉਦਾਸੀ, ਸਾਧੂ, ਨਿਰਮਲੇ, ਸੇਵਾ ਪੰਥੀ ਆਦਿ ਸ਼ਾਮਿਲ ਸਨ। ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਤੋਂ ਛੁੱਟ ਇਹ ਲਿਖਾਰੀ ਦਸਮ ਗ੍ਰੰਥ, ਦਸ ਗ੍ਰੰਥੀਆਂ, ਪੰਜ ਗ੍ਰੰਥੀਆਂ, ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਕਿੱਸੇ ਆਦਿ ਵੀ ਨਕਲ ਕਰਦੇ ਸਨ। ਭਗਤਾਂ, ਸੂਫ਼ੀਆਂ ਆਦਿ ਦੇ ਕਲਾਮ ਨੂੰ ਵੀ ਗੁਰਮੁਖੀ ਲਿਖਾਰੀ ਹੱਥ-ਲਿਖਤਾਂ ਰਾਹੀਂ ਸੰਭਾਲ ਲੈਂਦੇ ਸਨ। ਹੱਥ-ਲਿਖਤਾਂ ਨੂੰ ਇੱਕਠਾ ਕਰਨ ਦਾ ਸ਼ੌਕ ਅਨੋਖਾ ਤੇ ਕਠਨ ਸ਼ੌਕ ਹੈ ਪਰ ਇਸ ਸ਼ੌਕ ਰਾਹੀਂ ਵਿਅਕਤੀਗਤ ਯਤਨਾਂ ਸਦਕਾ ਢੇਰ ਸਾਰੇ ਨੁਸਖੇ ਵੀ ਇੱਕਠੇ ਹੋ ਜਾਂਦੇ ਹਨ।

ਜੰਮੂ ਕਸ਼ਮੀਰ ਵਿਚ ਗੁਰਮੁਖੀ ਹੱਥ-ਲਿਖਤਾਂ ਅਤੇ ਨਸਤਲੀਕ ਵਿੱਚ ਵੀ ਕਈ ਲਿਖਤਾਂ ਅੱਡ ਅੱਡ ਥਾਵਾਂ ਤੇ ਪਈਆਂ ਹਨ। ਉਨ੍ਹਾਂ ਬਾਰੇ ਕੁੱਝ ਦਾ ਸੰਖੇਪ ਵਿਚ ਜ਼ਿਕਰ ਅਸੀ ਇਥੇ ਕਰਾਂਗੇ :

**1. ਸ੍ਰੀ ਗੁਰੂ ਗ੍ਰੰਥ ਸਾਹਿਬ:**- ਇਹ ਬੀੜ ਸਤਾਰਵੀਂ ਸਦੀ ਦੀ ਹੈ। ਕੁੱਲ ਪੱਤਰੇ 737 ਹਨ ਅਤੇ ਆਕਾਰ 22"×14" ਹੈ। ਲਿਖਾਰੀ ਦਾ ਨਾਮ ਦਿੱਤਾ ਨਹੀਂ। ਸ਼ੁਧ ਕਸ਼ਮੀਰੀ ਕਾਗਜ਼, ਸਾਰੇ ਪਤਰਿਆਂ ਤੇ ਪੀਲੇ ਗੂੜੇ ਰੰਗ ਦੇ ਹਾਸ਼ੀਆ ਲਕੀਰਾਂ ਵਾਲਾ, ਪਹਿਲੇ ਦੋ ਪੰਨਿਆਂ ਦੀਆਂ

ਕੁੱਝ, ਸਤਰਾਂ ਸੁਨਹਿਰੀ ਸਿਆਹੀ ਨਾਲ ਅੰਕਿਤ ਹਨ, ਜਿਸ ਕਾਰਨ ਇਸ ਨੂੰ 'ਸੁਨਹਿਰੀ ਬੀੜ' ਆਖਦੇ ਹਨ। ਪਹਿਲੇ ਦੋ ਪੰਨਿਆਂ ਤੇ ਕਮਾਲ ਦੀ ਚਿੱਤਰਕਾਰੀ ਕੀਤੀ ਹੋਈ ਹੈ। ਇਥੇ ਹੱਥ-ਲਿਖਤ ਬੀੜਾਂ ਛੇ ਹੋਰ ਵੀ ਸਨ। ਪਰ ਹੁਣ ਕੇਵਲ ਇਥੇ ਪੰਜ ਬੀੜਾਂ ਹਨ। ਇਹ ਤਕਰੀਬਨ 200 ਸਾਲ ਤੋਂ ਵਧੀਕ ਪੁਰਾਣੀਆਂ ਹਨ। ਇਨ੍ਹਾਂ ਦੀ ਸਿਆਹੀ ਕਾਲੀ ਗੂੜੀ ਅਤੇ ਪੰਨੇ ਚਮਕਦਾਰ ਹਨ। ਪਹਿਲੇ ਦੋ ਸਫ਼ਿਆਂ ਦੀ ਚਿੱਤਰਕਾਰੀ ਦਾ ਚਿੱਤਰਕਾਰ ਰਾਜਾ ਰਾਮ ਕੋਲ ਤੋਤਾ ਜਾਪਦਾ ਹੈ। ਇਹ ਬੀੜਾਂ ਗੁਰਦੁਆਰਾ ਨਾਨਕਸਰ, ਮਟਨ ਸਾਹਿਬ (ਕਸ਼ਮੀਰ) ਵਿੱਚ ਮੌਜੂਦ ਹਨ।

**2. ਗੁਰਬਾਣੀ-ਪੋਥੀ**:- ਇਸ ਪੋਥੀ ਦੇ ਲੇਖਕ ਜਾਂ ਲਿਖਾਰੀ ਦਾ ਪਤਾ ਨਹੀਂ ਚਲਦਾ। ਰਚਨਾ ਕਾਲ ਸੰਮਤ 1842 ਹੈ ਅਤੇ ਇਸ ਦੇ ਪੱਤਰੇ 370 ਹਨ। ਅਕਾਰ 16.8×10 ਸੈਂਟੀਮੀਟਰ ਹੈ। ਹਰ ਪੱਤਰੇ ਤੇ ਦੋਵਾਂ ਪਾਸਿਆਂ ਤੋਂ ਹਾਸ਼ੀਆ ਲਾਲ ਅਤੇ ਕਾਲੇ ਰੰਗ ਵਿਚ ਦਿੱਤਾ ਹੈ। ਹਰ ਪੱਤਰੇ ਤੇ 7 (ਸੱਤ) ਸਤਰਾਂ ਹਨ। ਕਾਗਜ਼ ਦੇਸੀ ਲੱਗਿਆ ਹੋਇਆ ਹੈ। ਪੋਥੀ ਖਸਤਾ ਹਾਲਤ ਵਿਚ ਹੈ। ਇੰਦਰ ਕੁਲੈਕਸ਼ਨ ਜੰਮੂ ਵਿਚ ਪੋਥੀ ਸੁਰਖਿੱਅਤ ਹੈ।

**3. ਬਾਲਮੀਕੀ ਰਮਾਇਣ**:- ਇਸ ਦਾ ਲੇਖਕ ਬਾਲਮੀਕੀ ਹੈ ਅਤੇ ਲਿਖਾਰੀ ਦਾ ਪਤਾ ਨਹੀਂ ਚਲਦਾ। ਇਹ ਪੋਥੀ ਵੀ 150 ਸਾਲ ਪੁਰਾਣੀ ਹੈ। ਇਸ ਦੇ ਕੁੱਲ ਪੱਤਰੇ 239 ਹਨ ਅਤੇ ਆਕਾਰ 33.5×25.5 ਸੈਂਟੀਮੀਟਰ। ਹਰ ਪੱਤਰੇ ਤੇ 21 ਸਤਰਾਂ ਹਨ। ਕਾਗਜ਼ ਦੇਸੀ, ਕਾਲੀ ਸਿਆਹੀ, ਲਿਖਾਈ ਬਹੁਤ ਹੀ ਖ਼ੂਬਸੂਰਤ ਹੈ। ਅੰਤ ਦੀਆਂ ਤਿੰਨ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਇੰਦਰ ਕੁਲੈਕਸ਼ਨ ਵਿੱਚ ਮੌਜੂਦ ਹੈ।

**4. ਭਗਵਤ ਮਹਾਂ ਪ੍ਰਾਣ**:- ਲੇਖਕ ਅਤੇ ਲਿਖਾਰੀ ਦਾ ਪਤਾ ਨਹੀਂ ਚੱਲਦਾ । ਇਹ ਪੋਥੀ 200 ਸਾਲ ਪੁਰਾਣੀ ਹੈ। ਕੁੱਲ ਪੱਤਰੇ 237 ਹਨ ਅਤੇ ਆਕਾਰ 18.4×13 ਸੈਂਟੀਮੀਟਰ ਹੈ। ਪਹਿਲੇ ਦੋ ਪੰਨੇ ਗਾਇਬ ਹਨ। ਹਰ ਪੱਤਰੇ ਦੀਆਂ 10 ਸਤਰਾਂ ਹਨ, ਸਿਆਹੀ ਕਾਲੀ, ਕਾਗਜ਼ ਕਸ਼ਮੀਰੀ, ਖਾਸ ਖਾਸ ਸਤਰਾਂ ਲਾਲ ਸਿਆਹੀ ਨਾਲ ਲਿਖੀਆਂ ਹਨ। ਪੋਥੀ ਨਾ-ਮੁਕੰਮਲ ਹੈ। ਇੰਦਰ ਕੁਲੈਕਸ਼ਨ ਵਿੱਚ ਮੌਜੂਦ ਹੈ।

**5. ਮੈਗ- ਵਿਲਾਸ**:- ਇਸ ਗ੍ਰੰਥ ਦਾ ਲੇਖਕ ਮੁੰਨੀ ਮੈਗ ਰਾਜ ਹੈ ਪਰ ਲਿਖਾਰੀ ਦਾ ਪਤਾ ਨਹੀਂ ਚਲਦਾ। ਪੋਥੀ 150 ਵਰ੍ਹੇ ਪੁਰਾਣੀ ਹੈ। ਕੁੱਲ ਪੱਤਰੇ 418 ਹਨ ਅਤੇ ਆਕਾਰ 32.5×17.0 ਸੈਂਟੀਮੀਟਰ ਹੈ। ਹਰ ਪੱਤਰੇ ਤੇ 10 ਤੋਂ 11 ਸਤਰਾਂ ਹਨ। ਸਿਆਹੀ ਕਾਲੀ ਗੂੜੀ ਵਰਤੀ ਗਈ ਹੈ। ਸ਼ੁਰੂ ਵਿਚ ਤੱਤਕਰਾ ਦਿੱਤਾ ਹੈ। ਇਸ ਪੋਥੀ ਵਿੱਚ ਆਯੂਰਵੇਦਿਕ ਨੁਸਖੇ ਅਤੇ ਤੰਤਰ ਮੰਤਰ ਦਿੱਤੇ ਹਨ। ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰਖਿਅਤ ਹੈ।

**6. ਪੋਥੀ**:- ਇਹ ਪੋਥੀ 100 ਵਰ੍ਹੇ ਪੁਰਾਣੀ ਅਤੇ ਆਕਾਰ ਪੱਖੋਂ 18.8×14 ਸੈਂਟੀਮੀਟਰ ਹੈ। ਕੁੱਲ ਪੱਤਰੇ 228 ਹਨ ਪਰ ਲੇਖਕ ਤੇ ਲਿਖਾਰੀ ਦਾ ਪਤਾ ਨਹੀਂ ਚਲਦਾ। ਕਾਗਜ਼ ਦੇਸੀ,

ਪੱਤਰੇ ਬਿਖ਼ਰੇ ਹਨ। ਹਰ ਪੰਨੇ ਤੇ ਸਤਰਾਂ ਦਾ ਅਕਾਰ ਵਿਭਿੰਨ ਹੈ ਜਿਵੇਂ 18,19,23 ਆਦਿ। ਕਾਲੀ ਸਿਆਹੀ ਵਰਤੀ ਗਈ ਹੈ। ਕੁੱਝ ਪੱਤਰੇ ਗੁੰਮ ਹਨ, ਇਸ ਲਈ ਪੋਥੀ ਅਧੂਰੀ ਹੈ। ਪੋਥੀ ਇੰਦਰ ਕੁਲੈਕਸ਼ਨ ਵਿਚ ਪਈ ਹੈ।

**7. ਹਿਕਮਤ ਪੋਥੀ:**- ਇਸ ਛੋਟੀ ਜਿਹੀ ਹੱਥ-ਲਿਖਤ ਦੇ ਕੁੱਲ 31 ਪੱਤਰੇ ਹਨ ਅਤੇ ਆਕਾਰ 9×8 ਸੈਂਟੀਮੀਟਰ ਹੈ। ਹਰ ਪੱਤਰੇ ਤੇ ਸਤਰਾਂ ਦੀ ਗਿਣਤੀ ਇਕਸਰ ਨਹੀਂ, ਕਿਸੇ ਤੇ 6, ਕਿਸੇ ਤੇ 7 ਅਤੇ ਕਿਸੇ ਤੇ 8 ਸਤਰਾਂ ਹਨ। ਕਾਗਜ਼ ਹੱਥ ਦਾ ਬਣਿਆ ਹੈ ਅਤੇ ਪੋਥੀ ਕਿਸੇ ਹਿਕਮਤ ਗ੍ਰੰਥ ਦੀ ਨਕਲ ਜਾਪਦੀ ਹੈ। ਸਿਆਹੀ ਗੂੜ੍ਹੀ ਕਾਲੀ ਵਰਤੀ ਗਈ ਹੈ। ਐਕਸ਼ੈਸ਼ਨ ਨੰਬਰ 689 ਹੇਠ ਡੋਗਰਾ ਆਰਟ ਗੈਲਰੀ, ਜੰਮੂ ਵਿਚ ਪੋਥੀ ਸੁਰਖਿੱਅਤ ਹੈ। ਪੋਥੀ ਤਕਰੀਬਨ 150 ਵਰ੍ਹੇ ਪੁਰਾਣੀ ਹੈ।

**8. ਬੁਧੀ ਯੋਗ ਪ੍ਰਕਾਸ਼:**- ਇਸ ਪੋਥੀ ਦਾ ਲੇਖਕ ਭੀਮ ਸੈਨ ਹੈ। ਲਿਖਾਰੀ ਦਾ ਥੁਹ-ਪਤਾ ਨਹੀਂ ਲੱਗਦਾ । ਇਹ ਪੋਥੀ 170 ਵਰ੍ਹੇ ਪੁਰਾਣੀ ਹੈ। ਇਸ ਦੇ ਕੁੱਲ ਪੱਤਰੇ 21 ਹਨ ਅਤੇ ਆਕਾਰ 14x9.5 ਸੈਂਟੀਮੀਟਰ ਹੈ। ਪੋਥੀ ਕਿਸੇ ਨੁਸਖੇ ਦਾ ਅਨੁਵਾਦ ਜਾਪਦੀ ਹੈ। ਪਹਿਲੇ ਤੇ ਅਖ਼ੀਰਲੇ ਪੰਨੇ ਤੇ 6 ਸਤਰਾਂ ਹਨ ਪਰ ਬਾਕੀ ਸਾਰੇ ਪੰਨਿਆਂ ਤੇ 7-7 ਸਤਰਾਂ ਹਨ। ਕਾਗਜ਼ ਭੋਜ-ਪੱਤਰ ਵਾਲਾ ਹੈ ਅਤੇ ਸਿਆਹੀ ਕਾਲੀ ਹੈ। ਲਿਖਤ ਵਾਲੇ ਪਤਰਿਆਂ ਤੇ ਦੋ ਲਾਲ ਰੰਗ ਦੇ ਹਾਸ਼ੀਏ ਅਤੇ ਇਨ੍ਹਾਂ ਵਿਚਕਾਰ ਕਾਲਾ ਹਾਸ਼ੀਆ ਹੈ। ਇਸ ਦਾ ਐਕਸ਼ੈਸਨ ਨੰਬਰ 131 ਹੈ ਅਤੇ ਪੋਥੀ ਡੋਗਰਾ ਆਰਟ ਗੈਲਰੀ ਵਿੱਚ ਪਈ ਹੈ।

**9. ਗੁਰੂ ਮਹਿਮਾ:**- ਇਸ ਬੇਸ਼ਕੀਮਤੀ ਹੱਥ-ਲਿਖਤ ਵਿਚ 'ਗੁਰੂ' ਦੀ ਮਹਿਮਾ ਦਾ ਵਰਨਣ ਆਉਂਦਾ ਹੈ। ਇਹ ਖ਼ੂਬਸੂਰਤ ਹੱਥ-ਲਿਖਤ ਗੂੜ੍ਹੀ ਕਾਲੀ ਸਿਆਹੀ ਨਾਲ ਲਿਖੀ ਹੋਈ ਹੈ ਅਤੇ ਹਾਸ਼ੀਏ ਲਾਲ ਰੰਗ ਦੇ ਹਨ। ਇਸ ਦੇ ਕੁੱਲ ਪੱਤਰੇ 202 ਹਨ ਅਤੇ ਆਕਾਰ 18×11 ਸੈਂਟੀਮੀਟਰ ਹੈ। ਵਧੀਆਂ ਕਾਗਜ਼ ਲੱਗਾ ਹੈ ਅਤੇ ਹਰ ਪੰਨੇ ਤੇ ਕੁੱਲ 7 ਸਤਰਾਂ ਹਨ। ਐਕਸ਼ੈੱਸ਼ਨ ਨੰਬਰ 22 ਹੇਠ ਡੋਗਰਾ ਆਰਟ ਗੈਲਰੀ ਜੰਮੂ ਵਿੱਚ ਪਈ ਹੈ।

**10. ਸ੍ਰੀ ਮਦਿ ਭਗਵਤ ਗੀਤਾ**:- ਇਸ ਦੇ ਲੇਖਕ ਤੇ ਲਿਖਾਰੀ ਬਾਰੇ ਪਤਾ ਨਹੀਂ ਚਲਦਾ। ਲਿੱਖਤ 1876 ਸੰਮਤ ਦੀ ਹੈ ਕਿ ਜਿਸ ਦਾ ਆਕਾਰ 10.5×17 ਸੈਂਟੀਮੀਟਰ ਹੈ। ਕੁੱਲ ਪੱਤਰੇ 489 ਹਨ ਅਤੇ ਹਰ ਪੰਨੇ ਤੇ 7 ਸਤਰਾਂ ਹਨ। ਸਿਆਹੀ ਕਾਲੀ ਵਰਤੀ ਗਈ ਹੈ। ਖ਼ੂਬਸੂਰਤ ਲਿਖਾਈ ਵਾਲੀ ਇਹ ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰਖਿਅਤ

**11. ਗੁਰਬਾਣੀ ਪੋਥੀ:**- ਲੇਖਕ ਅਤੇ ਲਿਖਾਰੀ ਦਾ ਪਤਾ ਨਹੀਂ ਲੱਗਦਾ। ਇਹ 100 ਸਾਲ ਪੁਰਾਣੀ ਪੋਥੀ ਦਾ ਆਕਾਰ 21×15.2 ਸੈਂਟੀਮੀਟਰ ਹੈ। ਇਸ ਪੋਥੀ ਦੇ ਪਹਿਲੇ ਅਤੇ ਅਖ਼ੀਰਲੇ ਬਹੁਤ ਸਾਰੇ ਪੱਤਰੇ ਗੁੰਮ ਹਨ, ਇਸ ਲਈ ਪੋਥੀ ਨਾ-ਮੁਕੰਮਲ ਹੈ। ਗੁਰਮੁਖੀ ਅੱਖਰਾਂ ਦੀ ਲਿਖਾਈ ਖ਼ੂਬਸੂਰਤ ਹੈ। ਹਰ ਪੰਨੇ ਦਾ ਚੌੜਾ ਹਾਸ਼ੀਆਂ ਕੇਸਰੀ ਰੰਗ ਦੀਆਂ ਤਿੰਨ

ਲੀਕਾਂ ਨਾਲ ਉਲੀਕੀਆਂ ਗਿਆ ਹੈ। ਹਰ ਪੰਨੇ ਤੇ 7 ਸਤਰਾਂ ਹਨ। ਇਸ ਪੋਥੀ ਵਿਚ 'ਗੁਰੂ ਗ੍ਰੰਥ ਸਾਹਿਬ' ਅਤੇ 'ਦਸਮ ਗ੍ਰੰਥ' ਚੋਂ ਚੋਣਵੇਂ ਸ਼ਬਦ ਅੰਕਿਤ ਕੀਤੇ ਹਨ। ਪਉੜੀਆਂ ਕੇਸਰੀ ਰੰਗ ਨਾਲ ਲਿਖੀਆਂ ਹਨ। 'ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤੇ ਸ੍ਰੀ ਭਗੌਤੀ ਜੀ ਸਹਾਇ' ਲਾਲ ਰੰਗ ਨਾਲ ਲਿਖੇ ਹਨ। ਅਰਦਾਸ ਦੇ ਅਖ਼ੀਰ ਤੇ 'ਦਸਮ ਪਾਤਿਸ਼ਾਹ ਸਭੱ ਥਾਈ ਹੋਇ ਸਹਾਇ' ਲਿਖ ਕੇ 'ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ'' ਸ਼ੁਰੂ ਕੀਤਾ ਹੈ। ਪੋਥੀ ਇੰਦਰ ਕੁਲੈਕਸ਼ਨ ਵਿਚ ਮੌਜੂਦ ਹੈ।

12. **ਭਗਵਤ ਮਹਾਂ ਪ੍ਰਾਨ**:- 125 ਵਰ੍ਹੇ ਪੁਰਾਣੀ ਪੋਥੀ ਦੇ ਲੇਖਕ ਅਤੇ ਲਿਖਾਰੀ ਮਾਲੂਮ ਨਹੀਂ। 17.2×11.5 ਸੈਂਟੀਮੀਟਰ ਵਾਲੀ ਪੋਥੀ ਦੇ 262 ਪੱਤਰੇ ਹਨ। ਪੋਥੀ ਦੇ ਆਖ਼ਰੀ ਪੰਨੇ ਗੁੰਮ ਹਨ, ਇਸ ਲਈ ਨਾ-ਮੁਕੰਮਲ ਹੈ। ਕਾਲੀ ਸਿਆਹੀ, ਅੱਖਰ ਖ਼ੂਬਸੂਰਤ ਅਤੇ ਹਰ ਪੰਨੇ ਤੇ 18 ਸਤਰਾਂ ਹਨ। ਪੋਥੀ ਇੰਦਰ ਕੁਲੈਕਸ਼ਨ ਵਿਚ ਮੌਜੂਦ ਹੈ।

13. **ਅਧਿਆਤਮਕ ਮਹਾਂ ਰਮਾਇਣ ਅਤੇ ਕ੍ਰਿਸ਼ਨ ਲੀਲਾ**:- ਇਹ ਪੋਥੀ 100 ਸਾਲ ਪੁਰਾਣੀ ਹੈ। ਆਕਾਰ 32.5×21.8 ਸੈਂਟੀਮੀਟਰ ਹੈ। ਇਸ ਦੇ ਪੱਤਰੇ 4+12 (16) ਹਨ। ਹਰ ਪੰਨੇ ਤੇ 13 ਸਤਰਾਂ, ਕਾਗਜ਼ ਦੇਸੀ, ਪਹਿਲਾ ਪੱਤਰਾ ਸੱਜੇ ਹੱਥ ਵਾਲਾ ਆਲੋਪ ਹੈ। ਪਹਿਲੇ ਚਾਰ ਪੱਤਰੇ ਮਹਾਂ ਰਮਾਇਣ ਦੇ ਅਤੇ 12 ਪੱਤਰੇ ਕਿਸ਼ਨ ਲੀਲਾ ਦੇ ਹਨ। ਪੋਥੀ ਨਾ-ਮੁਕੰਮਲ ਹੈ। ਸਿਆਹੀ ਲਾਲ ਅਤੇ ਕਾਲੀ ਵਰਤੀ ਗਈ ਹੈ। ਹਰ ਪੱਤਰੇ' ਤੇ ਦੋ ਕਾਲੇ ਅਤੇ ਇਕ ਹਾਸ਼ੀਆਂ ਲਾਲ ਹੈ। ਲਿਖਾਈ ਖ਼ੂਬਸੂਰਤ ਹੈ। ਪੋਥੀ ਇੰਦਰ ਕੁਲੈਕਸ਼ਨ ਵਿੱਚ ਸੁਰੱਖਿਅਤ ਹੈ।

14. **ਭਗਵੰਤ ਮਹਾਂ ਪ੍ਰਾਣ**:- ਇਹ ਸੰਮਤ 1839 ਦੀ ਪਥੀ 31.2×23.3 ਸੈਂਟੀਮੀਟਰ ਦੇ ਆਕਾਰ ਦੀ ਹੈ ਜਿਸ ਦੇ ਕੁੱਲ ਪੱਤਰੇ 466 ਹਨ। ਹਰ ਪੱਤਰੇ ਤੇ 15 ਸਤਰਾਂ ਹਨ ਜੋ ਕਾਲੀ ਸਿਆਹੀ ਨਾਲ ਲਿਖੀਆਂ ਹਨ ਅਤੇ ਚੌਪਈਆਂ ਲਾਲ ਰੰਗ ਨਾਲ ਦਿੱਤੀਆਂ ਹਨ। ਕਾਗਜ਼ ਦੇਸੀ ਵਰਤਿਆ ਗਿਆ ਹੈ। ਪੋਥੀ ਇੰਦਰ ਕੁਲੈਕਸ਼ਨ ਵਿਚ ਮੌਜੂਦ ਹੈ।

15. **ਗੀਤਾ ਮਹਾਤਮ**:- ਇਹ ਹੱਥ-ਲਿਖਤ ਨਾ-ਮੁਕੰਮਲ ਹੈ ਕਿਉਂਕਿ ਇਸ ਦੇ ਪੱਤਰੇ 43 ਤੋਂ 708 ਹੀ ਹਨ। ਹਰ ਪੱਤਰੇ ਤੇ 9 ਸਤਰਾਂ ਹਨ ਜੋ ਲਾਲ ਹਾਸ਼ੀਆਂ ਨਾਲ ਸੰਵਾਰੀਆਂ ਗਈਆਂ ਹਨ। ਇਸ ਦਾ ਅਕਾਰ 24×15.5 ਸੈਂਟੀਮੀਟਰ ਹੈ। ਸੁਰੇਸ਼ ਅਬਰੋਲ, ਜੰਮੂ ਦੀ ਨਿੱਜੀ ਲਾਇਬ੍ਰੇਰੀ ਵਿੱਚ ਮੌਜੂਦ ਹੈ।

16. **ਗੁਰਬਾਣੀ-ਪੋਥੀ**:- ਇਹ ਗੁਰਬਾਣੀ ਦੀ ਛੋਟੀ ਜਿਹੀ ਹੱਥ-ਲਿੱਖਤ ਹੈ। ਜੋ ਕਾਲੀ-ਸਿਆਹੀ ਨਾਲ ਲਿੱਖੀ ਹੈ। ਹਰ ਪੰਨੇ ਤੇ 10 ਸਤਰਾਂ ਹਨ। ਆਕਾਰ 6×10 ਇੰਚ ਹੈ। ਇਹ ਵੀ ਨਾ-ਮੁਕੰਮਲ ਹੈ ਕਿਉਂਕਿ ਇਸ ਦੇ ਪੱਤਰੇ 53 ਤੋਂ 186 ਹੀ ਮੌਜੂਦ ਹਨ। ਸੁਰੇਸ਼ ਅਬਰੋਲ ਪਾਸ ਹੈ।

**17. ਹਨੂਮਾਨ ਨਾਟਕ**:- ਇਸ ਹੱਥ-ਲਿੱਖਤ ਦਾ ਕਰਤਾ ਕਵੀ ਹਿਰਦੁ ਰਾਮ ਭਲਾ ਹੈ। ਇਸ ਦੇ ਕੁੱਲ ਪੱਤਰੇ 417 ਹਨ ਅਤੇ ਆਕਾਰ 4"×6" ਹੈ। ਹਰ ਪੰਨੇ ਤੇ 11 ਸਤਰਾਂ ਹਨ। ਲਾਲ ਹਾਸ਼ੀਆ ਕੇਵਲ ਦੋਵਾਂ ਪਾਸਿਆਂ ਤੋਂ ਦਿੱਤਾ ਹੈ। ਅੱਖਰ ਗੂੜੀ ਕਾਲੀ ਸਿਆਹੀ ਨਾਲ ਲਿਖੇ ਹਨ। ਇਹ ਵੀ ਸੁਰੇਸ਼ ਅਬਰੋਲ ਕੋਲ ਮੌਜੂਦ ਹੈ। ਸੁਰੇਸ਼ ਕੋਲ ਹੋਰ ਵੀ ਦਰਜਨ ਤੋਂ ਵਧੀਕ ਗੁਰਮੁਖੀ ਹੱਥ-ਲਿਖਤਾਂ ਹਨ, ਜਿਸ ਨੂੰ ਦੱਸਣ ਲਈ ਉਹ ਘੇਸਲ ਮਾਰਦਾ ਹੈ।

**18. ਮਾਧਵਾਨਲ ਕਾਮ ਕੰਦਲਾ**:- ਇਸ ਦਾ ਲੇਖਕ ਬੁੱਧ ਸਿੰਘ ਅਤੇ ਲਿਖਾਰੀ ਪੰਡਿਤ ਵਾਸਦੇਵ ਕਸ਼ਮੀਰੀ ਹੈ। ਇਸ ਦੇ ਲਿਖਣ ਦਾ ਸਮਾਂ 1839 ਈਸਵੀਂ ਹੈ। ਇਸ ਦਾ ਆਕਾਰ 5.5x 4.25 ਇੰਚ ਹੈ। ਪੱਤਰੇ 22-163 ਹਨ, ਕਈ ਪੱਤਰੇ ਗੁੰਮ ਹਨ ਜਿਸ ਲਈ ਲਿਖਤ ਅਧੂਰੀ ਹੈ। ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿੱਚ ਮੌਜੂਦ ਹੈ।

**19. ਰਾਜਨੀਤੀ**:- ਇਸ ਦਾ ਲੇਖਕ ਕਵੀ ਦੇਵੀ ਦਾਸ ਹੈ ਅਤੇ ਲਿਖਾਰੀ ਅਤਰ ਸਿੰਘ ਗਿਆਨੀ। ਇਸ ਦੇ ਕੁੱਲ ਪੱਤਰੇ 16 ਹਨ ਅਤੇ ਆਕਾਰ 6.25×9.5 ਇੰਚ ਹੈ। ਕਾਗਜ਼ ਦੇਸੀ, ਪੱਤਰੇ ਕੁੱਝ ਕਿਰਮ ਖੁਰਦਾ, ਜਿਸ ਕਾਰਨ ਕਈ ਥਾਂਈ ਛੇਕ ਪਏ ਹਨ। ਲਿਖਤ ਸਾਫ਼ ਤੇ ਸੁਧ ਹੈ, ਹਾਸ਼ੀਆ ਸਾਦਾ ਬਿਨ੍ਹਾਂ ਲਕੀਰਾਂ ਦੇ, ਸਿਰਲੇਖ, ਛੰਦਾਂ ਦੇ ਨਾਮ, ਵਿਸ਼ਰਾਮ-ਚਿੰਨ੍ਹ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਕੁੱਝ ਫੁੱਟ ਨੋਟ ਵੀ ਲਾਲ ਸਿਆਹੀ ਨਾਲ ਲਿਖੇ ਹੋਏ ਹਨ।ਪੱਤਰੇ 11 ਤੋਂ 14 ਤੱਕ ਰੰਗੀਨ ਲਕੀਰਾਂ ਦਾਰ ਹਾਸ਼ੀਏ ਵਾਲੇ; ਪੁਸਤਕ ਬਗੈਰ ਜਿਲਦ, ਜੋ ਚੰਗੀ ਹਾਲਤ ਵਿੱਚ ਹੈ। ਭਾਸ਼ਾ ਵਿਭਾਗ ਪੰਜਾਬ ਵਿੱਚ ਮੌਜੂਦ ਹੈ।

**20. ਰਸ ਪ੍ਰਬੋਧ**:- ਇਸ ਦਾ ਲੇਖਕ ਬਿਲਗ੍ਰਾਮ ਵਾਸੀ ਸ੍ਰੀ ਨਗਰ, ਕਸ਼ਮੀਰ, ਦਾ ਗ਼ੁਲਾਮ ਨਬੀ ਰਸਲੀਨ ਹੈ। ਇਹ 1741 ਈਂ ਦੀ ਲਿਖਤ ਹੈ ਜਿਸ ਦਾ ਆਕਾਰ 12×6.7 ਇੰਚ ਹੈ। ਪੱਤਰੇ 45 ਹਨ ਪਰ 45 ਤੋਂ ਅੱਗੇ ਇਸ ਦੇ ਕੁੱਝ ਪੱਤਰੇ ਗੁੰਮ ਹਨ, ਜਿਸ ਲਈ ਪੋਥੀ ਅਧੂਰੀ ਹੈ। ਇਸ ਲਿਖਤ ਵਿਚ ਕਵੀ ਗੁਲਾਮ ਨਬੀ ਰਸਲੀਨ ਨੇ ਕਵਿਤਾ ਦੇ 9 ਰਸ, ਨਾਇਕਾ ਭੇਦ, ਹਾਵ ਭਾਵ ਆਦਿ ਦਾ ਵਰਨਣ ਬੜੇ ਸੁੱਚਜੇ ਢੰਗ ਨਾਲ ਕੀਤਾ ਹੈ। ਇਹ ਲਿਖਤ ਦੇਵ ਨਾਗਰੀ ਅੱਖਰਾਂ ਵਿਚ ਛਪ ਚੁੱਕੀ ਹੈ। ਇਸ ਲਿੱਖਤ ਦੀਆਂ ਦੋ ਹੋਰ ਪ੍ਰਤੀਆਂ ਵੀ ਵੱਖ-ਵੱਖ ਆਕਾਰਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵਿੱਚ ਪਈਆਂ ਹਨ।

**21. ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ (ਸੁਚਿੱਤ੍ਰ)**:- ਇਸ ਗ੍ਰੰਥ ਦਾ ਲੇਖਕ ਸੰਤ ਦਾਸ ਛਿੱਬਰ ਹੈ ਪਰ ਲਿਖਾਰੀ ਨਾ-ਮਾਲੂਮ ਹੈ। ਇਸ 1881 ਸੰਮਤ ਦੀ ਪੋਥੀ ਦਾ ਆਕਾਰ 10.5× 7 ਇੰਚ ਅਤੇ ਕੁੱਲ ਪੱਤਰੇ 254 ਹਨ। ਪੋਥੀ ਸੰਪੂਰਨ ਹੈ ਅਤੇ ਸਾਧ ਭਾਸ਼ਾ ਵਿੱਚ ਹੈ। ਸੰਤ ਦਾਸ ਨੇ ਜਨਮ ਸਾਖੀ ਭਾਈ ਬਾਲਾ ਨੂੰ ਆਧਾਰ ਬਣਾ ਕੇ ਕਵਿਤਾ ਵਿੱਚ ਲਿਖੀ ਹੈ। ਇਹ

ਕਾਪੀ ਭਾਸ਼ਾ ਵਿਭਾਗ, ਪੰਜਾਬ ਵਿੱਚ ਮੌਜੂਦ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਛਪ ਚੁੱਕੀ ਹੈ।

**22. ਅਨੇਕਾਰਥ ਭਾਖਾ**:- ਇਸ ਦਾ ਲੇਖਕ ਮਹਾਂਕਵੀ ਨੰਦ ਦਾਸ ਅਤੇ ਲਿਖਾਰੀ ਸੇਵਾ ਸਿੰਘ ਛਿਬਰ ਹੈ। ਇਸ ਦਾ ਸਮਾਂ 15 ਸਾਵਣ 1878 ਬਿਕ੍ਰਮੀ ਹੈ। ਆਕਾਰ 6.5×3.5 ਇੰਚ ਅਤੇ ਕੁੱਲ ਪੱਤਰੇ 255 ਹਨ। ਪੱਤਰਾਂ 47 ਤੋਂ ਅੱਗੇ 49 ਤੇ ਇਕ ਛੰਦ ਸੂਚੀ ਤੇ ਫੇਰ 200-255 ਪੱਤਰੇ (56) ਕਵੀ ਪ੍ਰਿਯਾ ਸਟੀਕ (ਅਧੂਰੀ) ਦਰਜ ਹੈ। ਭਾਸ਼ਾ ਵਿਭਾਗ ਪੰਜਾਬ ਵਿੱਚ ਪਈ ਹੈ।

**23. ਸੁੰਦਰ ਸ਼ਿੰਗਾਰ**:- ਇਸ ਦਾ ਲੇਖਕ ਕਵੀ ਰਾਜ ਸੁੰਦਰ ਅਤੇ ਲਿਖਾਰੀ ਸੇਵਾ ਸਿੰਘ ਛਿੱਬਰ ਹੈ। ਇਹ ਸੰਮਤ 1688 ਬਿਕ੍ਰਮੀ ਦੀ ਲਿੱਖਤ ਹੈ ਅਤੇ ਕੁਲ ਪੱਤਰੇ 108 ਹਨ। ਹਰ ਪੰਨੇ ਤੇ 7 ਸਤਰਾਂ ਹਨ, ਕਾਗਜ਼ ਦੇਸੀ, ਲਿੱਖਤ ਪ੍ਰਾਚੀਨ, ਹਾਸ਼ੀਆ ਲਕੀਰਾਂਵਾਲਾ, ਸਿਰਲੇਖ ਲਾਲ ਸਿਆਹੀ ਨਾਲ ਲਿੱਖੇ, ਲਿਖੱਤ ਸਾਫ ਅਤੇ ਚੰਗੀ ਤਰ੍ਹਾਂ ਪੜ੍ਹੀ ਜਾਂਦੀ ਹੈ।

ਇਨ੍ਹਾਂ ਉੱਪਰ ਦਿੱਤੀਆਂ ਹੱਥ-ਲਿਖਤਾਂ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੀ ਲਿਖਤਾਂ ਜੋ ਗੁਰਮੁਖੀ ਅਤੇ ਨਸਤਲੀਕ ਵਿੱਚ ਵਿਭਿੰਨ ਪੁਰਾਲੇਖ ਵਿਭਾਗਾਂ, ਵਿਸ਼ਵ-ਵਿਦਿਆਲਿਆਂ, ਪੁਸਤਕਾਲਿਆਂ, ਵਿਅਕਤੀਆਂ ਦੇ ਘਰਾਂ ਆਦਿ ਵਿੱਚ ਪਈਆਂ ਹਨ। ਉਨ੍ਹਾਂ ਸਾਰੀਆਂ ਦੀਆਂ ਸੂਚੀਆਂ ਤਿਆਰ ਕਰ ਕੇ ਚਾਨਣ ਵਿਚ ਲਿਆਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ। ਕਈ ਹੱਥ-ਲਿਖਤਾਂ ਨਸਤਲੀਕ ਵਿਚ ਪਈਆਂ ਹਨ, ਜਿਨ੍ਹਾਂ ਦੀ ਸੂਚੀ ਅੰਤਿਕਾ ਵਿੱਚ ਦਰਜ ਕਰ ਦਿੱਤੀ ਹੈ। ਇਨ੍ਹਾਂ ਸਾਰੀਆਂ ਹੱਥ-ਲਿਖਤਾਂ ਨੂੰ ਇੱਕ ਥਾਂ ਇੱਕਠਾ ਕਰਕੇ ਜਾਚਣ, ਪਰਖਣ ਦੀ ਬੜੀ ਲੋੜ ਹੈ। ਇਨ੍ਹਾਂ ਗੌਰਵਮਈ ਵਿਰਾਸਤੀ ਦੁਰਲਭ ਲਿਖਤਾਂ ਨੂੰ ਕੋਈ ਪ੍ਰਮੁੱਖ ਸੰਸਥਾ ਹੀ ਸਾਂਭਣ ਦਾ ਉਪਰਾਲਾ ਕਰ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ

੧. ਪਰਮਾਣਕ ਪਾਠ ਦੀ ਵਿਗਿਆਨਕ ਵਿਧੀ, ਖੋਜ ਪਤ੍ਰਿਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1994, ਅੰਕ: 59

੨. ਪੂਰਵ ਅੰਕਿਤ, ਅੰਕ: 67

੩. ਪ੍ਰੋ. ਪਿਆਰਾ ਸਿੰਘ ਪਦਮ, ਗੁਰਮੁਖੀ ਲਿਪੀ ਦਾ ਇਤਿਹਾਸ, ਪਟਿਆਲਾ,(1953) ਛਾਪ 2000, ਅੰਕ:89

੪. ਪੰਜਾਬੀ ਸਾਹਿਤ ਕੋਸ਼, ਭਾਗ ਦੂਜਾ, ਛਾਪ 2000, ਪੰਜਾਬ ਯੂਨੀ, ਚੰਡੀਗੜ੍ਹ ਅੰਕ 8

੫. ਪੂਰਵ ਅੰਕਿਤ, ਅੰਕ: 9-10

੬.ਪਾਂਡੂ ਲਿਪੀ ਵਿਗਿਆਨ, ਰਾਜਸਥਾਨ ਹਿੰਦੀ ਗ੍ਰੰਥ ਅਕਾਦਮੀ, ਜੈਪੁਰ, 1978, nta:25-26

੭. ਭਾਰਤੀਯ ਪਾਠਾਲੋਚਨ ਦੀ ਭੂਮਿਕਾ, ਮੱਧ ਪ੍ਰਦੇਸ਼ ਹਿੰਦੀ ਗ੍ਰੰਥ ਅਕਾਦਮੀ, ਭੂਪਾਲ,1971, ਅੰਕ:33

੮. ਇਹ ਦਰੱਖਤ ਮੈਂ ਕਈ ਵੇਰ ਉੱਚੀਆਂ ਟੀਸੀਆਂ ਕਸ਼ਮੀਰ ਦੇ ਕਾਜ਼ੀਨਾਗ ਪਹਾੜਾਂ ਅਤੇ ਕੈਰਨ ਸੈਕਟਰ ਵਿੱਚ ਵੇਖੇ ਸਨ।

੯. ਗੌਰੀ ਸ਼ੰਕਰ ਹੀਰਾ ਚੰਦ ਉਝਾ- ਭਾਰਤੀ ਪ੍ਰਾਚੀਨ ਲਿਪੀ-ਮਾਲਾ (ਪੰਜਾਬੀ) (1962), ਭਾਸ਼ਾ ਵਿਭਾਗ ਪੰਜਾਬ, ਛਾਪ 2001, ਅੰਕ: 172-173

੧੦. ਪੂਰਵ ਅੰਕਿਤ, ਅੰਕ: 174

੧੧. ਜੈ ਦੇਵ ਸਿੰਘ ਦੱਤ- ਪੁਣਛ ਤੇ ਪੰਜਾਬੀ ਸਾਹਿਤ, ਪੁਣਛ (ਜੰਮੂ ਕਸ਼ਮੀਰ) 1979, ਅੰਕ: 27-28

੧੨ Jasbir Singh Sarna, The Sikhs in Kashmir, Delhi, 1993, P:42